# :: ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ::

(ਸੰਪਰਕ:- 0175-2311715, email-prtc.gmo2015 @gmail.com)

## ਟੈਂਡਰ ਨੋਟਿਸ

ਪੀ.ਆਰ.ਟੀ.ਸੀ ਅਧੀਨ ਆਉਂਦੇ ਬੱਸ ਸਟੈਡਾਂ ਵਿੱਚੋਂ ਹੇਠ ਲਿਖੇ ਬੱਸ ਸਟੈਂਡਾਂ ਦੀ ਅੱਡਾ ਫੀਸ ਇੱਕਤਰ ਕਰਨ ਲਈ ਆਮ ਜਨਤਾ ਤੋਂ ਮਿਤੀ ੨੮/੦੭/੨੫ ਸ਼ਾਮ 17:00 ਵਜੇ ਤੱਕ ਮੋਹਰ ਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਹ ਟੈਂਡਰ ਅੱਗਲੇ ਕੰਮ ਵਾਲੇ ਦਿਨ ਮਿਤੀ ੨੯/੦੭/੨੫ ਨੂੰ ਸਮਾਂ ਸਵੇਰੇ 11:00 ਵਜੇ ਮੁੱਖ ਦਫਤਰ ਨਾਭਾ ਰੋਡ ਪਟਿਆਲਾ ਵਿਖੇ ਖੋਲੇ ਜਾਣਗੇ:-

| ਲੜੀ ਨੰ: | ਬੱਸ ਸਟੈਂਡ ਦਾ ਨਾਮ | ਅਰਨੈਸਟ ਮਨੀ ਪ੍ਰਤੀ ਬੱਸ ਸਟੈਂਡ (ਡੀ.ਡੀ) |
|---|---|---|
| 1 | ਅਮਲੋਹ | 50,000/- |
| 2 | ਬੱਸੀ ਪਠਾਨਾਂ | 50,000/- |
| 3 | ਸੰਗਰੂਰ | 1,00,000/- |
| 4 | ਅਹਿਮਦਗੜ੍ਹ | 50,000/- |
| 5 | ਫਰੀਦਕੋਟ | 1,00,000/- |

ਟੈਂਡਰ ਨਾਲ ਜਮਾਂ ਕਰਵਾਇਆ ਜਾਣ ਵਾਲੀ ਪ੍ਰਤੀ ਬੱਸ ਸਟੈਂਡ ਦੀ ਅਰਨੈਸਟ ਮਨੀ ਦਾ ਡਿਮਾਂਡ ਡਰਾਫਟ ਐਮ.ਡੀ ਪੀਆਰਟੀਸੀ ਦੇ ਨਾਮ ਤੇ ਪਟਿਆਲਾ ਵਿਖੇ ਭੁਗਤਾਨਯੋਗ ਹੋਵੇ। ਅਸਫਲ ਟੈਂਡਰਕਾਰਾਂ ਨੂੰ ਟੈਂਡਰ ਨਾਲ ਜਮਾਂ ਕਰਵਾਈ ਗਈ ਅਰਨੈਸਟ ਵਾਪਸ ਕਰ ਦਿੱਤੀ ਜਾਵੇਗੀ। ਟੈਂਡਰ ਫਾਰਮ ਅਤੇ ਨਿਯਮ ਤੇ ਸ਼ਰਤਾਂ ਨੂੰ ਜਨਰਲ ਮੈਨੇਜਰ ਓਪਰੇਸ਼ਨ, ਪੀਆਰਟੀਸੀ, ਮੁੱਖ ਦਫਤਰ, ਨਾਭਾ ਰੋਡ, ਪਟਿਆਲਾ ਦੇ ਦਫਤਰ ਤੋਂ ਕਿਸੇ ਵੀ ਕੰਮ ਵਾਲੇ ਦਿਨ 500/-ਰੁ: ਸਮੇਤ ਜੀਐਸਟੀ (ਵਾਪਸ ਨਾ ਕਰਨ ਯੋਗ) ਦਾ ਭੁਗਤਾਨ ਕਰਕੇ ਹਾਸਲ ਕੀਤਾ ਜਾ ਸਕਦਾ ਹੈ ਜਾਂ ਇਸ ਨੂੰ ਵੈਬਸਾਇਟ www.pepsurtc.com ਤੋਂ ਡਾਊਨਲੋਡ ਕਰਦੇ ਹੋਏ ਟੈਂਡਰ ਫੀਸ (500/-ਰੁ: ਵਾਪਸ ਨਾ ਕਰਨ ਯੋਗ) ਪੀਆਰਟੀਸੀ ਦੀ ਕੈਸ਼ ਸਾਖਾ ਜਾਂ ਡੀ.ਡੀ ਰਾਂਹੀ ਟੈਂਡਰ ਫਾਰਮ ਨਾਲ ਜਮਾਂ ਕੀਤੀ ਜਾ ਸਕਦੀ ਹੈ। ਜਿਹੜੇ ਟੈਂਡਰ ਬਿਨਾਂ ਟੈਂਡਰ ਫੀਸ ਅਤੇ ਸਬੰਧਤ ਬੱਸ ਸਟੈਂਡ ਦੀ ਬਣਦੀ ਅਰਨੈਸਟ ਮਨੀ ਤੋਂ ਬਿਨਾਂ ਜਮਾਂ ਕਰਵਾਏ ਹੋਣਗੇ ਉਹ ਵਿਚਾਰੇ ਨਹੀਂ ਜਾਣਗੇ।

ਪ੍ਰਬੰਧਕ ਨਿਰਦੇਸ਼ਕ ਪੀਆਰਟੀਸੀ ਕੋਲ ਇਹ ਹੱਕ ਰਾਖਵਾਂ ਹੋਵੇਗਾ ਕਿ ਉਹ ਬਿਨਾਂ ਕੋਈ ਕਾਰਣ ਦੱਸੇ ਕਿਸੇ ਵੀ ਜਾਂ ਸਾਰੇ ਟੈਂਡਰਾਂ ਨੂੰ ਰੱਦ ਕਰ ਸਕਦੇ ਹਨ। ਇਸ ਟੈਂਡਰ ਸਬੰਧੀ ਜੇਕਰ ਕੋਈ ਕੋਰੀਜੰਡਮ ਜਾਰੀ ਕੀਤਾ ਜਾਂਦਾ ਹੈ ਤਾਂ ਉਹ ਪੀਆਰਟੀਸੀ ਦੀ ਵੈਬ ਸਾਇਟ www.pepsurtc.com ਤੇ ਜਾਰੀ ਕੀਤਾ ਜਾਵੇਗਾ।

ਮੈਨੇਜਿੰਗ ਡਾਇਰੈਕਟਰ,
ਪੀ.ਆਰ.ਟੀ.ਸੀ, ਪਟਿਆਲਾ।